ਪਾਠ **6**

# ਸੱਦਾ

ਮੱਤੀ **7:1 - 27**



ਮਨੋਰਥ: ਯਿਸੂ ਦੀਆਂ ਸਿੱਖਿਆਵਾਂ ਨੂੰ ਅਭਿਆਸ ਵਿੱਚ ਲਿਆਉਣਾ, ਅਤੇ ਓਹ ਜਿਹੜੇ  ਸੱਚੇ ਚੇਲੇ ਹਨ ਅਤੇ ਜਿਹੜੇ ਨਹੀਂ ਹਨ ਵਿੱਚਕਾਰ ਭਿੰਨਤਾ ਨੂੰ ਸਮਝਣਾ ।

ਯਿਸੂ ਨੇ ਉਸ ਦੇ ਚੇਲਿਆਂ ਨੂੰ ਅੰਦਰ ਵੇਖਣ ਅਤੇ ਪਛਾਨਣਾ ਸਿਖਾਇਆ ਕਿ ਉਸ ਦੇ ਅੱਠ ਧੰਨ ਵਰਤਾਉ ਉਹਨਾਂ ਨੂੰ ਸੰਸਾਰ ਲਈ ਲੋੜੀਦਾਂ ਲੂਣ ਅਤੇ ਚਾਨਣ ਬਣਾਉਣਗੇ । ਉਸ ਨੇ ਉਹਨਾਂ ਨੂੰ ਇਹ ਵੀ ਸਿਖਾਇਆ ਕਿ ਆਲੇ ਦੁਆਲੇ ਵੇਖਣ, ਉਹਨਾਂ ਦੇ ਸੰਬੰਧਾਂ ਵਿੱਚ ਉਹਨਾਂ ਧੰਨ ਵਰਤਾਉ ਨੂੰ ਲਾਗੂ ਕਰਨ, ਅਤੇ ਤੱਦ ਉਪਰ ਨੂੰ ਵੇਖਣ ਅਤੇ ਪਰਮੇਸ਼ੁਰ ਕੋਲੋਂ ਆਤਮਿਕ ਅਨੁਸ਼ਾਸਨਾਂ ਅਤੇ ਕੀਮਤਾਂ ਨੂੰ ਪ੍ਰਾਪਤ ਕਰਨ ਜਿਹਨਾਂ ਦੀ ਉਹਨਾਂ ਨੂੰ ਫਲਦਾਇਕ ਚੇਲੇ ਹੋਣ ਲਈ ਨਿਰੰਤਰ ਲੋੜ ਸੀ।

ਪਹਾੜੀ ਉਪਦੇਸ਼ ਦਾ ਅੰਤਿਮ ਭਾਗ ਇੱਕ ਚੁਣੌਤੀ ਹੈ: “ਜੋ ਤੁਸੀਂ ਜਾਣਦੇ ਹੋ ਬਾਰੇ ਤੁਸੀ ਕੀ ਕਰਨ ਜਾ ਰਹੇ ਹੋ?” ਯਿਸੂ ਨੇ ਸਦਾ ਵਿਵਹਾਰਿਕ ਲਾਗੂ ਕਰਨ ਤੇ ਬਲ ਦਿੱਤਾ :ਜੋ ਚੇਲਿਆਂ ਨੇ ਅਸਲ ਵਿੱਚ ਵਿਸ਼ਵਾਸ਼ ਕੀਤਾ, ਚੇਲਿਆਂ ਨੇ ਕੀਤਾ । ਇਸ ਲਈ ਉਸ ਨੇ ਅਧਿਆਏ 7 ਤਿੰਨ ਉਪਦੇਸ਼ਾਂ ਨਾਲ ਉਸ ਦੇ ਸੰਦੇਸ਼ ਨੂੰ ਉਹਨਾਂ ਦੇ ਜੀਵਨਾਂ ਵਿੱਚ ਇੱਕ ਵਿਵਹਾਰਿਕ ਸਚਾਈ ਨੂੰ ਬਣਾਉਣ ਲਈ ਆਰੰਭ ਕੀਤਾ।



# ਸਮਰਪਣ ਲਈ ਤਿੰਨ ਸੱਦੇ

*"ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਏ । ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਵੀ ਮਿਣਿਆ ਜਾਵੇਗਾ।*

*"ਅਤੇ ਤੂੰ ਉਸ ਕੱਖ ਨੂੰ ਜਿਹੜਾ ਤੇਰੇ ਭਾਈ ਦੀ ਅੱਖ ਵਿੱਚ ਹੈ ਕਿਉਂ ਵੇਖਦਾ ਹੈਂ ਪਰ ਉਸ ਸ਼ਤੀਰ ਦੀ ਵੱਲ ਜੋ ਤੇਰੀ ਆਪਣੀ ਅੱਖ ਵਿੱਚ ਹੈ ਧਿਆਨ ਨਹੀਂ ਕਰਦਾ? ਅਥਵਾ ਕਿੱਕੁਰ ਤੂੰ ਆਪਣੇ ਭਾਈ ਨੂੰ ਆਖੇਂਗਾ, ਲਿਆ ਤੇਰੀ ਅੱਖ ਵਿੱਚੋਂ ਕੱਖ ਕੱਢ ਸੁੱਟਾਂ ਅਤੇ ਵੇਖ ਤੇਰੀ ਆਪਣੀ ਅੱਖ ਵਿੱਚ ਸ਼ਤੀਰ ਹੈ ! ਹੇ ਕਪਟੀ ਪਹਿਲਾਂ ਉਸ ਸ਼ਤੀਰ ਨੂੰ ਆਪਣੀ ਅੱਖੋਂ ਕੱਢ ਤਾਂ ਚੰਗੀ ਤਰਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸੱਕੇਂਗਾ।*

*"ਪਵਿੱਤ੍ਰ ਵਸਤ ਕੁੱਤਿਆਂ ਨੂੰ ਨਾ ਪਾਓ ਅਤੇ ਆਪਣੇ ਮੋਤੀ ਸੂਰਾਂ ਅੱਗੇ ਨਾ ਸੁੱਟੋ ਕਿਤੇ ਐਉਂ ਨਾ ਹੋਵੇ ਜੋ ਓਹ ਉਨ੍ਹਾਂ ਨੂੰ ਆਪਣੇ ਪੈਰਾਂ ਹੇਠ ਮਿੱਧ ਦੇਣ ਅਤੇ ਮੁੜ ਕੇ ਤੁਹਾਨੂੰ ਪਾੜਨ।"*
– ਮੱਤੀ 7:1-6

ਯਿਸੂ ਦੇ ਚੇਲਿਆਂ ਨੂੰ ਕਦੇਂ ਵੀ ਅਤਿ ਗੰਭੀਰ ਨਹੀਂ ਹੋਣਾ ਹੈ । ਸਾਡਾ ਰੁਝਾਨ ਸਾਡੇ ਆਪਣੇ ਮਸਲੀਆਂ ਦੀ ਬਜਾਏ ਦੂਸਰੇ ਲੋਕਾਂ ਦੀਆਂ ਸ'ਮਸਿਆਵਾਂ ਤੇ ਕੇਂਦਿਰਤ ਹੋਣਾ ਚਾਹੀਦਾ ਹੈ । ਯਿਸੂ ਨੇ ਦੋ ਗੂੜ੍ਹ ਪ੍ਰਸ਼ਨ ਪੁੱਛੇ: "ਤੁਸੀਂ ਇਹ ਕਿਉਂ ਕਰ  ਅਤੇ, "ਤੁਸੀਂ ਸੰਭਾਵੀ ਕਿਵੇਂ ਸਫਲ ਹੋ ਸਕਦੇ ਹੋ?" ਇਸ ਸਿੱਖਿਆ ਦੀ ਪਿਆਸ ਗੇ ਮਸਿਆ– ਨੂੰ ਤੁਹਾਡੇ ਅੰਦਰੋ ਬਾਹਰ ਕੱਢਣ ਦਾ ਸਮਰਪਣ ਕਰਨਾ ਹੈ ।

1. **ਮੱਤੀ 7:2 ਵਿੱਚ ਯਿਸੂ ਕਹਿੰਦਾ ਹੈ ਜਿਸ ਤਰ੍ਹਾਂ ਤੁਸੀਂ _______ਲਗਾਉਂਦੇ ਹੋ ਉਸੇ ਤਰ੍ਹਾਂ ਤੁਹਾਡੇ ਉਤੇ ਵੀ ਦੋਸ਼ ਲਗਾਇਆ ਜਾਵੇਗਾ ।**

2. **ਸਹੀ ਜਾਂ ਗਲਤ: ਯਿਸੂ ਅਸਲ ਵਿੱਚ ਕਹਿ ਰਿਹਾ ਸੀ ਕਿ ਸਾਨੂੰ ਦੂਜਿਆਂ ਦੇ ਬਾਰੇ ਵਿੱਚ ਵਿਚਾਰ ਨਹੀਂ ਬੋਲਣਾ ਚਾਹੀਦਾ ।**

3. **ਸਹੀ ਜਾਂ ਗਲਤ: ਯਿਸੂ ਅਸਲ ਵਿੱਚ ਕਹਿ ਰਿਹਾ ਸੀ ਕਿ ਸਾਨੂੰ ਵਿਅਕਤੀਗਤ ਸਮੱਸਿਆਵਾਂ ਦੇ ਪ੍ਰਤੀ "ਮੈਂ ਪਹਿਲਾ ਪ੍ਰਸਤਾਵ ਹੋਣਾ ਚਾਹੀਦਾ ।"**

**ਜਦੋਂ ਤੱਕ ਕੋਈ ਹੋਰ ਤਰ੍ਹਾਂ ਦੀ ਟਿੱਪਣੀ ਨਾ ਹੋਵੇ, ਹੇਠ ਲਿਖੇ ਪ੍ਰਸ਼ਨਾਂ ਦੇ ਵਿੱਚੋਂ ਇੱਕ ਸਹੀ ਉੱਤਰ ਤੇ ਗੋਲਾ ਲਗਾਓ ।**

4. **ਯਿਸੂ ਉਨ੍ਹਾਂ ਲੋਕਾਂ ਦੇ ਵਿਸ਼ੇ ਵਿੱਚ ਕਹਿੰਦਾ ਜੋ ਆਪਣੀ ਸਮੱਸਿਆਵਾਂ ਨੂੰ ਟਾਲ ਕੇ ਦੂਜਿਆਂ ਉਤੇ ਦੋਸ਼ ਲਗਾਉਂਦੇ ਹਨ ?**
   **ੳ. ਉਹ ਸਮਝ ਕੇ ਹੀ ਕਰ ਰਹੇ ਹਨ ਜੋ ਠੀਕ ਹੈ ।**
   **ਅ. ਉਹ ਪਾਖੰਡੀ ਹਨ ।**
   **ੲ. ਉਹ ਅਸਲ ਵਿੱਚ ਵਿਵਸਥਾ ਨੂੰ ਸਮਝਦੇ ਹਨ ।**
   **ਸ. ਉਹ ਦੂਜਿਆਂ ਦਾ ਨਿਆਂ ਕਰਨ ਦੇ ਯੋਗ ਹਨ ।**

5. ਜਦੋਂ ਯਿਸੂ ਸਾਨੂੰ ਕਹਿੰਦਾ ਹੈ ਕਿ ਆਪਣੇ ਮੋਤੀ ਸੂਰਾਂ ਦੇ ਸਾਹਮਣੇ ਨਾ ਸੁੱਟੋ, ਉਸਦਾ ਅਸਲ ਵਿੱਚ ਅਰਥ ਹੈ
   ੳ. ਪਾਪੀਆਂ ਦਾ ਸੁਸਮਾਚਾਰ ਸੁਣਨਾ ਸਮਾਂ ਵਿਅਰਥ ਨਸ਼ਟ ਕਰਨਾ ਹੈ ।
   ਅ. ਕੁਝ ਲੋਕ ਮੁਕਤੀ ਪਾਉਣ ਦੇ ਯੋਗ ਨਹੀਂ ਹੁੰਦੇ ।
   ੲ. ਧਨ ਸੁਭਾਅ ਇੱਕ ਪਵਿੱਤਰ ਭੇਤ ਹੈ, ਸਭ ਦੇ ਨਾਲ ਪ੍ਰਗਟ ਨਹੀਂ ਕੀਤਾ ਜਾਂਦਾ ।
   ਸ. ਸਾਨੂੰ ਦੁਸ਼ਮਣਾਂ ਅਤੇ ਬੇਕਾਰ ਦੇ ਸ਼ਰੋਤਾਵਾਂ ਨਾਲ ਵਿਵਹਾਰ ਕਰਦੇ ਹੋਏ ਉਨ੍ਹਾਂ ਦੀ ਪਰਖ ਹੋਣੀ ਚਾਹੀਦੀ ।



*"ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ । ਢੂੰਢੋ ਤਾਂ ਤੁਹਾਨੂੰ ਲੱਭੇਗਾ । ਖੜਕਾਓ ਤਾਂ ਤੁਹਾਡੇ ਲਈ ਖੋਲਿਆ ਜਾਵੇਗਾ । ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ । ਯਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਸ ਦਾ ਪੁੱਤ੍ਰ ਉਸ ਤੋਂ ਰੋਟੀ ਮੰਗੇ ਤਾਂ ਉਹ ਨੂੰ ਪੱਥਰ ਦੇਵੇ ? ਅਤੇ ਜੋ ਮੱਛੀ ਮੰਗੇ ਤਾਂ ਉਹ ਨੂੰ ਸੱਪ ਦੇਵੇ ? ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ।"* ਮੱਤੀ 7:7-11

ਯਿਸੂ ਆਪਣੇ ਚੇਲਿਆਂ ਨੂੰ ਚੁਨੌਤੀ ਦੇਣ ਦੇ ਲਈ "ਮੰਗੋ, ਢੂੰਢੋ ਅਤੇ ਖੜਕਾਓ" ਲਗਾਤਾਰ ਹੋਣ ਵਾਲੀ ਕਿਰਿਆ ਦਾ ਇਸਤੇਮਾਲ ਕੀਤਾ ਹੈ ਜਿਸ ਨਾਲ ਉਹ ਲਗਾਤਾਰ ਉਪਰ ਵੱਲ ਆਸ ਦੇ ਨਾਲ ਵੇਖਣਗੇ। ਢੂੰਢੋ ਸ਼ਬਦ ਦੁਹਰਾਇਆ ਗਿਆ ਹੈ, ਤੇਜ਼ ਗਤੀ ਨਾਲ ਮੰਗਣ ਦੇ ਲਈ ਅਤੇ ਖੜਕਾਓ ਸ਼ਬਦ ਦੁਹਰਾਇਆ ਗਿਆ ਹੈ, ਤੇਜ਼ ਗਤੀ ਨਾਲ ਢੂੰਢਣ ਦੇ ਲਈ । ਯਿਸੂ ਚੇਲਿਆਂ ਨੂੰ ਪਰਮੇਸ਼ਵਰ ਦੇ ਪ੍ਰਤੀ ਉਤਾਵਲੇ ਹੋਣ ਦੇ ਲਈ ਬੁਲਾ ਰਿਹਾ ਹੈ ।

1. ਮੱਤੀ 7:8 ਵਿੱਚ, ਯਿਸੂ ਕਹਿੰਦਾ ਹੈ ਕਿ ਜੋ ਕੋਈ ਮੰਗਦਾ ਹੈ, ਉਸ ਨੂੰ _______ ਹੈ ।

2. ਸਹੀ ਜਾਂ ਗਲਤ: ਇਹ ਪ੍ਰਤੀਗਿਆ ਸਿਰਫ ਮੁਕਤੀ ਦੀ ਪ੍ਰਾਰਥਨਾ ਵਿੱਚ ਲਾਗੂ ਹੁੰਦਾ ਹੈ।

3. ਸਹੀ ਜਾਂ ਗਲਤ: ਇਹ ਪ੍ਰਤੀਗਿਆ ਮੁਕਤੀ, ਆਤਮਿਕ ਅਨੁਸ਼ਾਸ਼ਨ ਅਤੇ ਸਿਧਾਂਤ ਦੇ ਲਈ ਲਾਗੂ ਹੁੰਦਾ ਹੈ, ਅਤੇ ਸਾਰੀਆਂ ਚੰਗੀਆਂ ਵਸਤਾਂ ਪਰਮੇਸ਼ਵਰ ਦੇਣਾ ਪਸੰਦ ਕਰਦਾ ਹੈ।

ਜਦੋਂ ਤੱਕ ਕੋਈ ਹੋਰ ਤਰ੍ਹਾਂ ਦੀ ਟਿੱਪਣੀ ਨਾ ਹੋਵੇ, ਨਿਮਨਲਿਖਿਤ ਪ੍ਰਸ਼ਨਾਂ ਦੇ ਵਿੱਚੋਂ ਇੱਕ ਸਹੀ ਉੱਤਰ ਤੇ ਗੋਲਾ ਲਗਾਓ ।

4. ਇਹ ਪ੍ਰਤੀਗਿਆ ਕਿਸ ਦੇ ਸੰਕਲਪ ਵਿੱਚ ਹੈ ?
   ੳ. ਸਿਰਫ ਯਿਸੂ ਦੇ ਚੇਲਿਆਂ ਦੇ ਲਈ
   ਅ. ਸਿਰਫ਼ ਭੀੜ ਵਿੱਚ ਉਹ ਲੋਕ ਜਿਹਨਾਂ ਨੇ ਉਸ ਦਿਨ ਉਸ ਨੂੰ ਸੁਣਿਆ
   ੲ. ਹਰੇਕ ।

5. ਤੁਹਾਡੀ ਸੋਚ ਅਨੁਸਾਰ ਬਹੁਤ ਸਾਰੇ ਲੋਕ ਪਰਮੇਸ਼ੁਰ ਦੀਆਂ ਚੰਗੀਆਂ ਦਾਤਾਂ ਨੂੰ ਨਿਰੰਤਰ ਮੰਗਣ ਦੇ ਸੱਦੇ ਨੂੰ ਸਵੀਕਾਰ ਕਿਉਂ ਨਹੀਂ ਕਰਦੇ? (ਜੋ ਸਾਰੇ ਲਾਗੂ ਹੁੰਦੇ ਹਨ ਤੇ ਗੋਲ ਚੱਕਰ ਲਗਾਓ) (ਉੱਤਰ ਭਿੰਨ ਹੋਣਗੇ )

ੳ. ਉਹ ਸੋਚਦੇ ਹਨ ਇਹ ਵਾਅਦਾ ਸੱਚਾ ਹੋਣ ਲਈ ਬਹੁਤ ਜਿਆਦ ਚੰਗਾ ਹੈ ।
ਅ. ਉਹ ਇੱਕ ਜਾਂ ਦੋ ਵਾਰ ਮੰਗਣ ਤੋਂ ਬਾਅਦ ਵਿਸ਼ਵਾਸ਼ ਗਵਾ ਲੈਂਦੇ ਹਨ ।
ੲ. ਉਹ ਨਹੀਂ ਸੋਚਦੇ ਕਿ ਇਹ ਵਾਅਦਾ ਉਹਨਾਂ ਤੇ ਲਾਗੂ ਹੁੰਦਾ ਹੈ ।
ਸ. ਉਹ ਨਹੀਂ ਸੋਚਦੇ ਕਿ ਇਹ ਵਾਅਦਾ ਉਹਨਾਂ ਦੀ ਬਾਈਬਲ ਵਿੱਚ ਹੈ ।
ਹ. ਉਹ ਨਹੀਂ ਸਮਝਦੇ ਕਿ ਇਹ ਵਾਅਦਾ ਉਹਨਾਂ ਦੀ ਬਾਈਬਲ ਵਿੱਚ ਹੈ ।
ਕ. ਉਹ ਨਹੀਂ ਵਿਸ਼ਵਾਸ਼ ਕਰਦੇ ਕਿ ਪਰਮੇਸ਼ੁਰ ਵਿਅਕਤੀਗਤ ਉਹਨਾਂ ਦੀ ਦੇਖਰੇਖ ਕਰਦਾ ਹੈ ।



*"ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੋ ਕਿਉਂ ਜੋ ਤੁਰੇਤ ਅਤੇ ਨਬੀਆਂ ਦਾ ਇਹੋ ਮਤਲਬ ਹੈ" ।*

-ਮੱਤੀ 7:12

ਯਿਸੂ ਅਕਸਰ ਉਸ ਦੀ ਸਿੱਖਿਆ ਨੂੰ ਜਿਸ ਨੂੰ ਅਕਸਰ ਸੁਨਿਹਰੀ ਨਿਯਮ, ਮਹਾਨ ਸਿੱਖਿਆ ਜੋ ਇਸ ਸੰਸਾਰ ਨੇ ਕਦੇ ਮਨੁੱਖੀ ਸੰਬੰਧਾਂ ਬਾਰੇ ਸੁਣੀ ਨਾਲ ਸਮਾਪਤ ਕਰਦਾ ਹੈ। ਜੋ ਯਿਸੂ ਕਹਿ ਰਿਹਾ ਸੀ ਇਹ ਸੀ: "ਪਹਾੜ ਦੇ ਹੇਠਾਂ ਤੋਂ ਉਸ ਭੀੜ ਵਿੱਚੋਂ ਕਿਸੇ ਨੂੰ ਲੈ । ਉਸ ਵਿਅਕਤੀ ਦੇ ਸਥਾਨ ਤੇ ਆਪਣੇ ਆਪ ਨੂੰ ਰੱਖ, ਯਿਸੂ ਦੇ ਚੇਲੇ ਤੋਂ ਤੁਸੀਂ ਤੁਹਾਡੇ ਲਈ ਕੀ ਕਰਾਉਣਾ ਚਾਹੋਗੇ? ਜਦੋਂ ਤੁਸੀਂ ਇਸ ਪ੍ਰਸ਼ਨ ਦਾ ਉੱਤਰ ਜਾਣੋ, ਤਦ ਇਸ ਨੂੰ ਕਰੋ"

1. ਮੱਤੀ 7:12 ਵਿੱਚ ਯਿਸੂ ਆਖਦਾ ਹੈ, "________, ਤੁਸੀਂ ਚਾਹੁੰਦੇ ਹੋ ਦੂਸਰੇ ਤੁਹਾਡੇ ਲਈ ਕਰਨ ਤੁਸੀਂ ਵੀ ਉਹਨਾਂ ਲਈ ਓਵੇਂ ਹੀ ਕਰੋ ।

2. ਸਹੀ ਜਾਂ ਗਲਤ : ਯਿਸੂ ਅਨੁਸਾਰ ਇਸੇ ਬਾਰੇ ਹੀ ਸਾਰੀ ਸ਼ਰਾ ਹੈ ।

3. ਸਹੀ ਜਾਂ ਗਲਤ : ਇਹ ਸਿੱਖਿਆ ਸਿਰਫ਼ ਇੱਕ ਨਿਸ਼ਚਤ ਲੋਕਾਂ ਲਈ ਇੱਕ ਨਿਸ਼ਚਤ ਸਮੇਂ ਲਈ ਲਾਗੂ ਹੁੰਦੀ ਹੈ:ਨਹੀਂ ਤਾਂ ਕੁੱਝ ਲੋਕ ਹੋ ਸਕਦਾ ਸਾਡੀ ਦਿਯਾਲੂਤਾ ਤੋਂ ਲਾਭ ਲੈਣ ।

4. ਇਸ ਸਿੱਖਿਆ ਨੂੰ ਤੁਸੀਂ ਕਿਸ ਤੇ ਲਾਗੂ ਕਰੋਗੇ? (ਜੋ ਸਾਰੇ ਲਾਗੂ ਹੁੰਦੇ ਹਨ ਉਹਨਾਂ ਤੇ ਗੋਲ ਚੱਕਰ ਲਗਾਓ)

- ਪਤੀ /ਪਤਨੀ
- ਬੱਚੇ
- ਮਿੱਤਰ
- ਸਹਿਯੋਗੀ - ਕਰਮਚਾਰੀ
- ਅਧਿਆਪਕ
- ਵਿਦਿਆਰਥੀ
- ਦੂਸਰੀ ਜ਼ਾਤ ਦੇ ਲੋਕ
- ਦੂਸਰੀ ਪਦਵੀ ਦੇ ਲੋਕ
- ਦੁਸ਼ਮਣ
- ਭਰਾ ਅਤੇ ਭੈਣਾ
- ਦੂਸਰੇ ਮਸੀਹੀ ਲੋਕ ਜੋ ਯਿਸੂ ਨੂੰ ਨਹੀਂ ਜਾਣਦੇ ਹਨ

ਮੱਤੀ 7:1-14 ਨੂੰ ਇੱਕ ਵਾਰ ਫੇਰ ਪੜੋ ।
ਕੀ ਤੁਸੀਂ ਇਹਨਾਂ ਖੇਤਰਾਂ ਵਿੱਚ ਆਪਣੇ ਆਪ ਨੂੰ ਯਿਸੂ ਦੀ ਸਿੱਖਿਆ ਲਈ ਅਰਪਣ ਕੀਤਾ ਹੈ ?

______________________________________________________
______________________________________________________
______________________________________________________
______________________________________________________

ਤੁਸੀਂ ਕਿਹਨਾਂ ਚੀਜਾਂ ਨਾਲ ਯਿਸੂ ਨੂੰ ਸਹਾਇਤਾ ਕਰਨ ਲਈ ਕਹਿ ਸਕਦੇ ਹੋ?

______________________________________________________
______________________________________________________
______________________________________________________
______________________________________________________

ਇੱਕ ਡੂੰਘੇ ਅਰਪਣ ਨੂੰ ਪ੍ਰਗਟ ਕਰਨ ਲਈ ਤੁਸੀਂ ਕਿਹੜੇ ਕਦਮ ਲੈ ਸਕਦੇ ਹੋ ?

______________________________________________________
______________________________________________________
______________________________________________________

## ਮਹਾਨ ਸੱਦਾ

ਸਪੁਰਦਗੀ ਲਈ ਤਿੰਨ ਸੱਦੇ ਦੇਣ ਤੋਂ ਬਾਅਦ, ਜੋ ਸੁਨਿਹਰੀ ਨਿਯਮ ਨਾਲ ਖਤਮ ਹੋਏ, ਯਿਸੂ ਹੁਣ ਇੱਕ ਕਠੋਰ ਸੱਦੇ ਨੂੰ ਦਿੰਦਾ ਹੈ । ਇਹ ਉਸ ਲਈ ਸੰਸਾਰ ਤੱਕ ਪਹੁੰਚਣ ਦਾ ਉੱਤਰ ਅਤੇ ਹਲ ਲਈ ਅਰਪਣ ਬਣ ਜਾਣ ਲਈ ਇੱਕ ਚੁਣੌਤੀ ਭਰਿਆ ਸੱਦਾ ਹੈ । ਇਹ ਇੱਕ ਸੰਕੇਤ ਕਰਦਾ ਸੱਦਾ ਹੈ,“ ਕੀ ਤੁਸੀ ਸੱਮਸਿਆ ਦਾ ਜਾਂ ਹੱਲ ਦਾ ਇੱਕ ਹਿੱਸਾ ਹੋਣ ਜਾ ਰਹੇ ਹੋ?”

“ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਵਿਰਲੇ ਹਨ

*ਝੂਠੇ ਨਬੀਆਂ ਤੋਂ ਹੁਸ਼ਿਆਰ ਰਹੋ ਜਿਹੜੇ ਤੁਹਾਡੇ ਕੋਲ ਭੇਡਾਂ ਦੇ ਭੇਸ ਵਿੱਚ ਆਉਂਦੇ ਹਨ ਪਰ ਅੰਦਰੋਂ ਓਹ ਪਾੜਨ ਵਾਲੇ ਬਘਿਆੜ ਹਨ । ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ । ਭਲਾ, ਕੰਡਿਆਲਿਆਂ ਤੋਂ ਦਾਖ ਯਾ ਊਂਟਕਟਾਰਿਆਂ ਤੋਂ ਹੰਜੀਰ ਤੋੜਦੇ ਹਨ ? ਇਸੇ ਪਰਕਾਰ ਹਰੇਕ ਅੱਛਾ ਬਿਰਛ ਚੰਗਾ ਫਲ ਦਿੰਦਾ ਪਰ ਮਾੜਾ ਬਿਰਛ ਬੁਰਾ ਫਲ ਦਿੰਦਾ ਹੈ । ਅੱਛਾ ਬਿਰਛ ਬੁਰਾ ਫਲ ਨਹੀਂ ਦੇ ਸੱਕਦਾ ਅਤੇ ਨਾ ਮਾੜਾ ਬਿਰਛ ਬੁਰਾ ਫਲ ਦੇ ਸੱਕਦਾ ਹੈ । ਹਰੇਕ ਬਿਰਛ ਜਿਹੜਾ ਚੰਗਾ ਫਲ ਨਹੀਂ ਦਿੰਦਾ ਵੱਢਿਆ ਅਤੇ ਅੱਗ ਵਿੱਚ ਸੁੱਟਿਆ ਜਾਂਦਾ ਹੈ । ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਨਣੋਗੇ।*
*ਨਾ ਹਰੇਕ ਜਿਹੜਾ ਮੈਨੂੰ ਪ੍ਰਭੂ ! ਪ੍ਰਭੂ ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚਲਦਾ ਹੈ। ਉਸ ਦਿਨ ਮੈਨੂੰ ਅਨੇਕ*

*ਆਖਣਗੇ, ਹੇ ਪ੍ਰਭੂ ! ਹੇ ਪ੍ਰਭੂ ! ਕੀ ਅਸਾਂ ਤੇਰਾ ਨਾਮ ਲੈ ਕੇ ਅਗੰਮ ਵਾਕ ਨਹੀਂ ਕੀਤਾ? ਅਤੇ ਤੇਰਾ ਨਾਮ ਲੈਕੇ ਭੂਤ ਨਹੀਂ ਕੱਢੇ ? ਅਤੇ ਤੇਰਾ ਨਾਮ ਲੈ ਕੇ ਬਹੁਤੀਆਂ ਕਰਮਾਤਾਂ ਨਹੀਂ ਕੀਤੀਆਂ ? ਤਦ ਮੈਂ ਉਨ੍ਹਾਂ ਨੂੰ ਸਾਫ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ । ਹੇ ਬੁਰਿਆਰੋ, ਮੇਰੇ ਕੋਲੋਂ ਚੱਲੇ ਜਾਓ !" ।*

– ਮੱਤੀ 7 :13-23

ਇਸ ਭਾਗ ਦਾ ਪਹਿਲਾ ਹਿੱਸਾ ਪੁੱਛਦਾ ਹੈ, "ਤੁਸੀਂ ਕਿਸ ਕਿਸਮ ਦੇ ਚੇਲੇ ਹੋ?"ਇੱਥੇ ਦੋ ਸੰਭਾਵੀ ਉੱਤਰ ਹਨ: ਬਹੁਤੀਆਂ ਵਿੱਚੋਂ ਇੱਕ, ਜਾਂ ਕੁੱਝ ਵਿੱਚੋਂ ਇੱਕ । ਬਹੁਤ ਸਾਰੇ ਸਿਰਫ ਲੂਣ ਅਤੇ ਚਾਨਣ ਹੋਣ ਦਾ ਵਿਖਾਵਾ ਕਰਦੇ ਹਨ, ਪਰ ਉਹ ਨਹੀਂ ਹਨ। ਉਹ ਸੋਚਦੇ ਹਨ ਕਿ ਇੱਥੇ ਹਲ ਦਾ ਇੱਕ ਹਿੱਸਾ ਹੋਣਾ ਅਸਾਨ ਹੈ । ਕੁੱਝ, ਦੂਸਰੇ ਪਾਸੇ ਸੋਚਦੇ ਹਨ, ਜਾਣੋ ਕਿ ਇਹ ਅਸਾਨ ਰਾਹ ਨਹੀਂ ਹੈ । ਉਹ ਜਾਣਦੇ ਹਨ ਕਿ ਫਾਟਕ ਛੋਟਾ ਹੈ ਅਤੇ ਜਿਸ ਰਾਹ ਤੇ ਉਹ ਚਲਦੇ ਓਹ ਦਾ ਫਾਟਕ ਭੀੜਾ, ਮੁਸ਼ਿਕਲ, ਅਤੇ ਅਨੁਸ਼ਾਸਿਤ ਹੈ ।

ਇਸ ਭਾਗ ਦਾ ਅਗਲਾ ਹਿੱਸਾ ਪੁੱਛਦਾ ਹੈ, "ਕੀ ਤੁਸੀਂ ਇੱਕ ਸੱਚੇ ਚੇਲੇ ਹੋ ਜਾਂ ਇੱਕ ਝੂਠੇ ਚੇਲੇ ਹੋ?" ਬਾਅਦ ਦੇ ਇੱਕ ਦ੍ਰਿਸ਼ਟਾਂਤ ਵਿੱਚ, ਯਿਸੂ ਨੇ ਸਿਖਾਈਆ ਕਿ ਉਸ ਦੇ ਸੱਚੇ ਚੇਲੇ ਵੀ ਪਹਿਲੀ ਵਾਰ ਤੋਂ ਹੀ ਫ਼ਰਕ ਨੂੰ ਦੱਸਣ ਯੋਗ ਨਹੀਂ ਹੋਣਗੇ । ਸਿਰਫ ਫਲ ਨੂੰ ਜਾਂਚਣ ਦੁਆਰਾ, ਕੁਝ ਸਮੇਂ ਤੋਂ ਬਾਅਦ, ਸੱਚੇ ਅਤੇ ਝੂਠੇ ਵਿੱਚ ਪ੍ਰਤੱਖ ਭਿੰਨਤਾਵਾਂ ਹਨ।

ਇਸ ਭਾਗ ਦਾ ਤੀਸਰਾ ਹਿੱਸਾ ਪੁੱਛਦਾ ਹੈ, "ਕੀ ਤੁਸੀਂ ਉਹ ਚੇਲੇ ਹੋ ਜੋ ਸਿਰਫ਼ ਪਰਮੇਸ਼ੁਰ ਦੀ ਇੱਛਾ ਨੂੰ ਕਹਿੰਦਾ, ਜਾਂ ਕਰਦਾ ਹੈ?" ਬਹੁਤ ਸਾਰੇ ਅਦਭੁਦ ਕੰਮਾਂ ਨੂੰ ਕਰਨਾ ਹੀ ਯਿਸੂ ਨਾਲ ਇੱਕ ਸੱਚੇ ਸੰਬੰਧਾਂ ਦਾ ਸਬੂਤ ਨਹੀਂ ਹੈ। ਉਸ ਦਾ ਉਹਨਾਂ ਲਈ ਜਵਾਬ ਜਿਹਨਾਂ ਦਾ ਚੇਲਾਪਣ ਸਿਰਫ਼ ਇਹਨਾਂ ਸ਼ਬਦਾਂ ਨੂੰ ਸ਼ਾਮਿਲ ਕਰਦਾ ਹੈ, "। ਹੇ ਬੁਰਿਆਰੋ, ਮੇਰੇ ਕੋਲੋਂ ਚੱਲੇ ਜਾਓ" ।

1. ਮੱਤੀ 7:21 ਵਿੱਚ ਯਿਸੂ ਆਖਦਾ ਹੈ ਕਿ ਉਹ, ਉਹ ਜੋ ਮੇਰੇ________________________ ਕਰਦਾ ਸੁਰਗ ਦੇ ਰਾਜ ਵਿੱਚ ਵੜੇਗਾ । (ਦੂਸਰੀਆਂ ਨੂੰ ਪਿਆਰ ਕਰੋ, ਬੁਹਤ ਸਾਰੇ ਚੰਗੇ ਕੰਮਾਂ ਨੂੰ ਕਰੋ, ਪਿਤਾ ਦੀ ਮਰਜੀ ਨੂੰ ਪੂਰੀਆਂ ਕਰੋ, ਉਹਨਾਂ ਦੇ ਵਿਸ਼ਵਾਸ਼ ਲਈ ਮਰਨਾ ਚੁਣੋ )

2. ਸਹੀ ਜਾਂ ਗਲਤ: ਸੰਸਾਰ ਵਿੱਚ ਲੂਣ ਅਤੇ ਚਾਨਣ ਹੋਣਾ ਅਸਾਨ ਹੈ ।

3. ਸਹੀ ਜਾਂ ਗਲਤ : ਉਹ ਜੋ ਸਹੀ ਗੱਲਾਂ ਤੇ ਵਿਸ਼ਵਾਸ਼ ਕਰਦੇ, ਸਹੀ ਗੱਲਾਂ ਨੂੰ ਆਖਦੇ ਹਨ, ਅਤੇ ਯਿਸੂ ਨੂੰ "ਪ੍ਰਭੂ ਸੱਦਦੇ ਸੱਚ ਮੁੱਚ ਉਸ ਦੇ ਚੇਲੇ ਹਨ, ਭਾਵੇਂ ਕਿ ਉਹ ਓਹ ਨਹੀਂ ਕਰਦੇ ਜੋ ਉਹ ਆਖਦਾ ਹੈ ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤਦ ਤਕ ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉੱਤਰ ਨੂੰ ਚੁਣੋ।

4. ਮੱਤੀ 13:24-30 ਪੜੋ। ਇਸ ਦ੍ਰਿਸ਼ਟਾਂਤ ਅਨੁਸਾਰ, ਸੱਚੇ ਅਤੇ ਝੂਠੇ ਵਿਸ਼ਵਾਸ਼ੀ ਵਿੱਚਕਾਰ ਕੀ ਫਰਕ ਹੈ?
   ੳ. ਜਿੱਥੇ ਉਹ ਵੱਡੇ ਹੁੰਦੇ ਹਨ
   ਅ. ਜੋ ਕੰਮ ਉਹ ਕਰਦੇ ਹਨ
   ੲ. ਜਿਹਨਾਂ ਲੰਮਾ ਸਮਾਂ ਉਹ ਰਹਿੰਦੇ ਹਨ
   ਸ. ਬੀਜ਼ ਜਿਸ ਤੋਂ ਆਉਂਦੇ ਹਨ

5. ਯਿਸੂ ਅਨੁਸਾਰ, ਝੂਠੇ ਨਬੀਆਂ ਨੂੰ ਪਛਾਨਣ ਦਾ ਸਭ ਤੋਂ ਚੰਗਾ ਰਾਹ ਕਿਹੜਾ ਹੈ ?
   ੳ. ਉਹਨਾਂ ਦੇ ਫਲਾਂ ਦੁਆਰਾ
   ਅ. ਉਹਨਾਂ ਦੇ ਪ੍ਰਗਟਾਵੇ ਦੁਆਰਾ
   ੲ. ਉਹਨਾਂ ਦੇ ਸ਼ਬਦਾ ਦੁਆਰਾ
   ਸ. ਉਸ ਢੰਗ ਦੁਆਰਾ ਜਿਸ ਵਿੱਚ ਉਹ ਸੱਚੇ ਵਿਸ਼ਵਾਸ਼ੀਆਂ ਤੋਂ ਆਪਣੇ ਆਪ ਨੂੰ ਅੱਡ ਕਰਦੇ ਹਨ

6. ਜੋ ਯਿਸੂ ਨੂੰ "ਪ੍ਰਭੂ" ਆਖਦੇ ਪਰ ਸੱਚਮੁੱਚ ਉਸ ਤੇ ਵਿਸ਼ਵਾਸ਼ ਨਹੀਂ ਕਰਦੇ ਅਤੇ ਉਸ ਦਾ ਹੁਕਮ ਨਹੀਂ ਮੰਨਦੇ ਨੂੰ ਯਿਸੂ ਕੀ ਆਖਦਾ ਹੈ ?
   ੳ. "ਤੁਸੀਂ ਬਹੁਤ ਵਧੀਆ ਕੀਤਾ"
   ਅ. "ਮੇਰੇ ਤੋਂ ਦੂਰ ਚਲੇ ਜਾਓ"
   ੲ. "ਕੋਸ਼ਿਸ਼ ਕਰਦੇ ਰਹੋ"
   ਸ. "ਮੈਨੂੰ 'ਪ੍ਰਭੂ' ਕਹਿਣਾ ਕਾਫ਼ੀ ਹੈ"



ਜੇਕਰ ਤੁਸੀਂ ਯਿਸੂ ਦੇ ਇੱਕ ਸੱਚੇ ਚੇਲੇ ਹੋ ਤਾਂ ਤੁਸੀਂ ਕਿਵੇਂ ਜਾਣਦੇ ਹੋ?_________
_____________________________________________________

ਜੇਕਰ ਯਿਸੂ ਨਾਲ ਤੁਹਾਡੇ ਜੀਵਨ ਵਿੱਚ ਤੁਸੀਂ ਕਿਸੇ ਪਾਖੰਡ ਤੇ ਧਿਆਨ ਕੀਤਾ ਹੈ, ਇਸ ਨੂੰ ਜੜੋਂ ਬਾਹਰ ਕੱਢਣ ਲਈ ਤੁਸੀਂ ਕੀ ਕਰ ਸਕਦੇ ਹੋ ?

_____________________________________________________
_____________________________________________________

## ਸਿੱਟਾ



*"ਸੋ ਹਰੇਕ ਜੋ ਮੇਰੇ ਬਚਨ ਸੁਣਦਾ ਅਤੇ ਉਨ੍ਹਾਂ ਉੱਤੇ ਚੱਲਦਾ ਹੈ ਉਹ ਓਸ ਬੁੱਧਵਾਨ ਵਰਗਾ ਜਾਣਿਆ ਜਾਵੇਗਾ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਪਰ ਉਹ ਨਾ ਡਿੱਗਿਆ ਕਿਉਂਕਿ ਉਹ ਦੀ ਨਿਉਂ ਪੱਥਰ ਉੱਤੇ ਧਰੀ ਹੋਈ ਸੀ ਅਤੇ ਹਰੇਕ ਜੋ ਮੇਰੇ ਇਹ ਬਚਨ ਸੁਣਦਾ ਅਤੇ ਉਨ੍ਹਾਂ ਉੱਤੇ ਨਹੀਂ ਚੱਲਦਾ ਉਹ ਉਸ ਮਨੁੱਖ ਵਰਗਾ ਠਹਿਰਾਇਆ ਜਾਵੇਗਾ ਜਿਹ ਨੇ ਆਪਣਾ ਘਰ ਰੇਤ ਉੱਤੇ ਬਣਾਇਆ ਅਤੇ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਅਤੇ ਉਹ ਢਹਿ ਪਿਆ ਅਤੇ ਉਸ ਦਾ ਵੱਡਾ ਨਾਸ ਹੋਇਆ"* -ਮੱਤੀ 7:24-27

ਯਿਸੂ ਮਾਇਆਵਾਦੀ ਜਾਂ ਨਿਰਾਸ਼ਾਵਾਦੀ ਨਹੀਂ ਸੀ। ਉਹ ਇੱਕ ਯਥਾਰਥਵਾਦੀ ਸੀ। ਉਸ ਨੇ ਸਿਖਾਇਆ ਕਿ ਜੀਵਨ ਵਿੱਚ ਤੂਫ਼ਾਨ ਹਨ ਅਤੇ ਕੋਈ ਵੀ ਬਚਿਆ ਹੋਈਆ ਨਹੀਂ ਹੈ । ਉਹ ਜਿਹੜੇ ਆਪਣੇ ਜੀਵਨ ਨੂੰ ਉਸ ਦੀ ਸਿੱਖਿਆ ਤੇ ਬਣਾਉਂਦੇ ਹਨ ਜੀਉਂਦੇ ਹਨ, ਅਤੇ ਉਹ ਜੋ ਨਹੀਂ ਨਹੀਂ ਰਹਿਣਗੇ । ਉਸ ਦਾ ਮਹਾਨ ਸੰਦੇਸ਼ ਇੱਕ ਚੁਣੌਤੀ ਨਾਲ ਸਮਾਪਤ ਹੁੰਦਾ ਹੈ: "ਤੁਸੀਂ ਕਿਸ ਕਿਸਮ ਦੇ ਚੇਲੇ ਹੋ?" ਤੁਹਾਡਾ ਉੱਤਰ ਨਿਰਧਾਰਿਤ ਕਰਦਾ ਕਿ ਤੁਸੀਂ ਤੂਫ਼ਾਨਾਂ ਵਿੱਚ ਜੀਉਂਦੇ ਰਹੋਗੇ ਜਾਂ ਨਹੀਂ ।

1. ਮੱਤੀ 7:24 ਵਿੱਚ, ਯਿਸੂ ਨੇ ਕਿਹਾ ਕਿ ਹਰੇਕ ਜੋ ਮੇਰੇ ਬਚਨ ਸੁਣਦਾ ਅਤੇ________ ___________________ਉਹ ਉਸ ਬੁੱਧਵਾਨ ਵਰਗਾ ਹੈ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ।
(ਉਹਨਾਂ ਵਾਂਙ, ਉਹਨਾਂ ਨੂੰ ਬਹੁਤ ਵਾਰ ਦੁਹਰਾਉਂਦਾ, ਉਹਨਾਂ ਉੱਤੇ ਚਲਦਾ, ਉਹਨਾਂ ਨੂੰ ਭੁੱਲ ਜਾਂਦਾ : ਤੋਂ ਚੁਣੋ )

2. ਸਹੀ ਜਾਂ ਗਲਤ : ਯਿਸੂ ਦੇ ਵਚਨਾਂ ਨੂੰ ਸੁਣਨਾ ਅਤੇ ਉਹਨਾਂ ਨੂੰ ਕਰਨਾ ਇੱਕੋ ਗੱਲ ਨਹੀਂ ਹੈ ।

3. ਸਹੀ ਜਾਂ ਗਲਤ: ਯਿਸੂ ਉਸ ਦੇ ਚੇਲਿਆਂ ਨੂੰ ਸਿਖਾ ਰਿਹਾ ਸੀ ਕਿ ਹਰ ਕੋਈ ਜੋ ਉਸ ਦੇ ਹੁਕਮਾਂ ਨੂੰ ਮੰਨਦਾ ਤੂਫ਼ਾਨਾਂ ਵਿੱਚੋਂ ਦੀ ਨਹੀਂ ਲੰਘੇਗਾ ।

4. ਤੂਫ਼ਾਨਾਂ ਵਿੱਚ ਜੀਉਂਦੇ ਰਹਿਣ ਦੀ ਕੁੰਜੀ________ਹੈ । (ਇੱਕ ਨੂੰ ਚੁਣੋ)

ੳ. ਯਿਸੂ ਤੇ ਵਿਸ਼ਵਾਸ਼ ਕਰਨਾ
ਅ. ਯਿਸੂ ਨੂੰ "ਪ੍ਰਭੂ" ਕਹਿਣਾ
ੲ. ਜੋ ਯਿਸੂ ਆਖਦਾ ਉਸ ਨੂੰ ਕਰਨਾ
ਸ. ਯਿਸੂ ਦੀ ਸਿੱਖਿਆ ਦੁਆਰਾ ਹੈਰਾਨ ਹੋਣਾ



ਤੁਸੀਂ ਉਸ ਨੂੰ ਕੀ ਕਹੋਗੇ ਜੋ ਯਿਸੂ ਦੇ ਵਚਨਾਂ ਤੇ ਵਿਸ਼ਵਾਸ਼ ਕਰਦਾ ਪਰ ਉਹਨਾਂ ਨੂੰ ਅਭਿਆਸ ਵਿੱਚ ਨਹੀਂ ਲਿਆਉਂਦਾ ਹੈ?

_____________________________________________________

ਕੀ ਤੁਸੀਂ ਕਿਸੇ ਨੂੰ ਜਾਣਦੇ ਜੋ ਅਜਿਹੇ ਵਰਨਣ ਵਿੱਚ ਢੁਕਵਾਂ ਹੈ?

_____________________________________________________
_____________________________________________________

ਅਖੀਰ ਵਿੱਚ, ਇੱਕ ਯਿਸੂ ਦੇ ਚੇਲੇ ਹੁੰਦੇ ਹੋਏ ਤੁਸੀਂ ਆਪਣੇ ਸਮਰਪਣਾ ਨੂੰ ਲਿਖੋ

ੳ. ਪਰਮੇਸ਼ੁਰ ਪ੍ਰਤੀ
ਅ. ਪਰਿਵਾਰ, ਮਿੱਤਰਾਂ ਅਤੇ ਦੂਸਰੀਆਂ ਨਾਲ ਤੁਹਾਡੇ ਸੰਬੰਧ
ੲ. ਦੂਸਰੀਆਂ ਚੇਲਿਆਂ ਪ੍ਰਤੀ - ਕਲੀਸਿਯਾ
ਸ. ਦੁਸ਼ਮਣਾਂ ਪ੍ਰਤੀ ਅਤੇ ਉਹ ਜਿਹੜੇ ਖੁਸ਼-ਖਬਰੀ ਨੂੰ ਨਹੀਂ ਜਾਣਦੇ ।